ਕਾਨੂੰਨੀ ਅਤੇ ਵਿਧਾਨਿਕ ਕਾਰ ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 12 ਜਨਵਰੀ, 1989

ਨੰ: 2/ਕ: ਕ:/89.—ਪੰਜਾਬ ਗ੍ਰਾਮ ਪੰਚਾਇਤ (ਸੋਧ) ਐਕਟ, 1986 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸੱਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

## DEPARTMENT OF LEGAL AND LEGISLATIVE AFFAIRS

**Notification**

The 12th January, 1989

**No. 2/L.C./89.**—The Translation in Punjabi of Punjab Gram Panchayat (Amendment) Act, 1986 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967, (Punjab Act No. 5 of 1967).

1986 ਦਾ ਪੰਜਾਬ ਐਕਟ ਨੰ: 14

ਪੰਜਾਬ ਗ੍ਰਾਮ ਪੰਚਾਇਤ (ਸੋਧ) ਐਕਟ, 1986

ਪੰਜਾਬ ਗ੍ਰਾਮ ਪੰਚਾਇਤ ਐਕਟ, 1952 ਨੂੰ ਸੋਧਣ ਲਈ ਐਕਟ।

ਭਾਰਤ ਗਣਰਾਜ ਦੇ ਸੈਂਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ :—

1. ਇਸ ਐਕਟ ਨੂੰ ਪੰਜਾਬ ਗ੍ਰਾਮ ਪੰਚਾਇਤ (ਸੋਧ) ਐਕਟ, 1986 ਕਿਹਾ ਜਾ ਸਕੇਗਾ। ਸੰਖੇਪ ਨਾਂ।

2. ਪੰਜਾਬ ਗ੍ਰਾਮ ਪੰਚਾਇਤ ਐਕਟ, 1952 ਵਿੱਚ, ਧਾਰਾ 4 ਵਿੱਚ, ਉਪ-ਧਾਰਾ (2) ਪਿੱਛੋਂ, ਹੇਠ ਲਿਖੀ ਉਪ-ਧਾਰਾ ਅੰਤਰਸਥਾਪਤ ਕੀਤੀ ਜਾਵੇਗੀ, ਅਰਥਾਤ :— 1953 ਦੇ ਪੰਜਾਬ ਐਕਟ/4 ਦੀ ਧਾਰਾ 4 ਦੀ ਸੋਧ।

"(2-ੳ)(i) ਜਿੱਥੇ ਉਪ-ਧਾਰਾ (2) ਅਧੀਨ ਕਿਸੇ ਸਭਾ-ਖੇਤਰ ਵਿਚੋਂ ਖ਼ਾਰਜ ਕੀਤਾ ਗਿਆ ਕੋਈ ਖੇਤਰ, ਜਾਂ ਤਾਂ ਕਿਸੇ ਹੋਰ ਸਭਾ-ਖੇਤਰ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਜਾਂ ਇਕ ਨਵੇਂ ਸਭਾ-ਖੇਤਰ ਦੇ ਰੂਪ ਵਿੱਚ ਗਠਤ ਕੀਤਾ ਜਾਂਦਾ ਹੈ, ਉੱਥੇ ਉਸ ਸਭਾ-ਖੇਤਰ ਦੀ ਗ੍ਰਾਮ ਪੰਚਾਇਤ, ਜਿਸ ਵਿਚੋਂ ਅਜਿਹਾ ਖੇਤਰ ਇਸ ਤਰ੍ਹਾਂ ਖਾਰਜ ਕੀਤਾ ਗਿਆ ਹੈ (ਜਿਸ ਦਾ ਇਸ ਵਿੱਚ ਇਸ ਤੋਂ ਪਿੱਛੋਂ ਮੌਜੂਦਾ ਗ੍ਰਾਮ ਪੰਚਾਇਤ ਵਜੋਂ ਹਵਾਲਾ ਦਿੱਤਾ ਗਿਆ ਹੈ), ਦੇ ਧਨ-ਧਾਮ ਅਤੇ ਦੇਣ-ਦਾਰੀਆਂ ਦੀ ਹਿੱਸੇ-ਵੰਡ ਉੱਤਰਾਧਿਕਾਰੀ ਗ੍ਰਾਮ ਪੰਚਾਇਤਾਂ ਵਿਚਕਾਰ ਇਸ ਵਿੱਚ ਇਸ ਪਿੱਛੋਂ ਉਲਿਖਤ ਤਰੀਕੇ ਨਾਲ ਕੀਤੀ ਜਾਵੇਗੀ;

(ii) ਮੌਜੂਦਾ ਗ੍ਰਾਮ ਪੰਚਾਇਤ ਦੀ ਸਭ ਭੋਂ ਅਤੇ ਸਭ ਸਟੋਰ, ਵਸਤਾਂ ਅਤੇ ਹੋਰ ਮਾਲ,–

(ੳ) ਜੇ ਉਸ ਗ੍ਰਾਮ ਪੰਚਾਇਤ ਦੇ ਸਭਾ-ਖੇਤਰ ਅੰਦਰ ਹੋਵੇ, ਤਾਂ ਉਸ ਉਤਰਾ-ਧਿਕਾਰੀ ਗ੍ਰਾਮ ਪੰਚਾਇਤ ਨੂੰ ਜਿਸ ਦੇ ਖੇਤਰ ਵਿੱਚ ਉਹ ਸਥਿਤ ਹੈ, ਮੁਤਕਿਲ ਕੀਤਾ ਜਾਵੇਗਾ ;

(ਅ) ਜੇ ਉਸ ਗ੍ਰਾਮ ਪੰਚਾਇਤ ਦੇ ਸਭਾ-ਖੇਤਰ ਤੋਂ ਬਾਹਰ ਹੋਵੇ, ਤਾਂ ਉਤਰਾਧਿਕਾਰੀ ਗ੍ਰਾਮ ਪੰਚਾਇਤਾਂ ਵਿਚਕਾਰ ਆਬਾਦੀ ਦੇ ਅਨੁਪਾਤ ਅਨੁਸਾਰ ਉਸ ਦੀ ਹਿੱਸੇ-ਵੰਡ ਕੀਤੀ ਜਾਵੇਗੀ ;

(iii) ਗ੍ਰਾਮ ਫੰਡ, ਬੈਂਕ ਬਾਕੀਆਂ, ਸਰਕਾਰ ਤੋਂ ਸਮੇਂ ਸਮੇਂ ਤੇ ਪ੍ਰਾਪਤ ਕੀਤੀਆਂ ਗਰਾਂਟਾਂ, ਉਤਰਾਧਿਕਾਰੀ ਗ੍ਰਾਮ ਪੰਚਾਇਤਾਂ ਵਿਚਕਾਰ ਆਬਾਦੀ ਦੇ ਅਨੁਪਾਤ ਅਨੁਸਾਰ ਵੰਡੀਆਂ ਜਾਣਗੀਆਂ :

ਪਰੰਤੂ ਕਿਸੇ ਅਜਿਹੇ ਖੇਤਰ ਦੇ ਵਿਕਾਸ ਲਈ ਜੋ ਉਤਰਾਧਿਕਾਰੀ ਗ੍ਰਾਮ ਪੰਚਾਇਤਾਂ ਵਿਚੋਂ ਕਿਸੇ ਦੇ ਸਭਾ-ਖੇਤਰ ਦਾ ਭਾਗ ਹੋਵੇ, ਸਰਕਾਰ ਦੁਆਰਾ ਦਿਤੀ ਗਈ ਕੋਈ ਗਰਾਂਟ, ਉਸ ਉਤਰਾਧਿਕਾਰੀ ਗ੍ਰਾਮ ਪੰਚਾਇਤ ਨੂੰ ਮੁਤਕਿਲ ਕੀਤੀ ਜਾਵੇਗੀ,

(iv) ਸੰਪਤੀ ਤੇ ਕਿਸੇ ਟੈਕਸ ਦੇ ਬਕਾਏ ਦੀ ਵਸੂਲੀ ਦਾ ਅਧਿਕਾਰ, ਉਸ ਉਤਰਾ-ਧਿਕਾਰੀ ਗ੍ਰਾਮ ਪੰਚਾਇਤ ਨੂੰ ਹੋਵੇਗਾ, ਜਿਸ ਦੇ ਸਭਾ-ਖੇਤਰ ਵਿੱਚ ਸੰਪੱਤੀ ਸਥਿੱਤ ਹੈ ਅਤੇ ਮੌਜੂਦਾ ਗ੍ਰਾਮ ਪੰਚਾਇਤ ਦੁਆਰਾ ਅਰੋਪੇ ਗਏ ਕਿਸੇ ਟੈਕਸ ਦੀ ਵਸੂਲੀ ਦਾ ਅਧਿਕਾਰੀ ਉਸ ਉਤਰਾਧਿਕਾਰੀ ਗ੍ਰਾਮ ਪੰਚਾਇਤ ਨੂੰ ਹੋਵੇਗਾ, ਜਿਸ ਦੇ ਸਭਾ-ਖੇਤਰ ਵਿੱਚ ਉਸ ਟੈਕਸ ਦਾ ਨਿਰਧਾਰਣ-ਸਥਾਨ ਸਥਿੱਤ ਹੈ ;

(v) ਜਿੱਥੇ ਸਭਾ-ਖੇਤਰ ਦੇ ਇਖਰਾਜ ਦੀ ਤਰੀਕ ਤੋਂ ਪਹਿਲਾਂ, ਮੌਜੂਦਾ ਗ੍ਰਾਮ ਪੰਚਾਇਤ ਨੇ ਉਸ ਗ੍ਰਾਮ ਪੰਚਾਇਤ ਦੇ ਪ੍ਰਯੋਜਨਾ ਲਈ ਕੋਈ ਮੁਆਇਦਾ ਕੀਤਾ ਹੋਵੇ ਉਥੇ ਉਹ ਮੁਆਇਦਾ,––

(ੳ) ਜੇ ਸਭਾ-ਖੇਤਰ ਦੇ ਇਖਰਾਜ ਦੇ ਦਿਨ ਨੂੰ ਅਤੇ ਤੋਂ, ਮੁਆਇਦੇ ਦੇ ਪ੍ਰਯੋਜਨ, ਨਿਰੋਲ ਉਤਰਾਧਿਕਾਰੀ ਗ੍ਰਾਮ ਪੰਚਾਇਤਾਂ ਵਿਚੋਂ ਕਿਸੇ ਇਕ ਦੇ ਪ੍ਰਯੋਜਨ ਹੋਣ, ਤਾਂ ਉਸ ਉਤਰਾਧਿਕਾਰੀ ਗ੍ਰਾਮ ਪੰਚਾਇਤ ਦੁਆਰਾ ; ਅਤੇ

(ਅ) ਜੇ ਮੁਆਇਦੇ ਦੇ ਪ੍ਰਯੋਜਨ ਉਸ ਦਿਨ ਨੂੰ ਅਤੇ ਤੋਂ, ਨਿਰੋਲ ਉਤਰਾਧਿਕਾਰੀ ਗ੍ਰਾਮ ਪੰਚਾਇਤਾਂ ਵਿਚੋਂ ਕਿਸੇ ਇਕ ਦੇ ਪ੍ਰਯੋਜਨ ਨ ਹੋਣ; ਤਾਂ ਸਭ ਗ੍ਰਾਮ ਪੰਚਾਇਤਾਂ ਦੁਆਰਾ ; ਕੀਤਾ ਗਿਆ ਸਮਝਿਆ ਜਾਵੇਗਾ :

ਅਤੇ ਕੋਈ ਅਜਿਹੇ ਅਧਿਕਾਰ ਅਤੇ ਦੇਣਦਾਰੀਆਂ, ਜੋ ਅਜਿਹੇ ਕਿਸੇ ਮੁਆਇਦੇ ਅਧੀਨ ਹਾਸਲ ਹੋਈਆਂ ਹੋਣ ਜਾਂ ਹਾਸਲ ਹੋਣ, ਉਸ ਹੱਦ ਤੱਕ ਜਿਸ ਤੱਕ ਉਹ ਮੌਜੂਦਾ ਗ੍ਰਾਮ ਪੰਚਾਇਤ ਦੇ ਅਧਿਕਾਰ

ਅਤੇ ਦੇਣਦਾਰੀਆਂ ਹੁੰਦੇ, ਉਤਰਾਧਿਕਾਰੀ ਗ੍ਰਾਮ ਪੰਚਾਇਤ ਦੇ ਜਾਂ, ਜਿਹੀ ਕਿ ਸੂਰਤ ਹੋਵੇ, ਉਤਰਾਧਿਕਾਰੀ ਗ੍ਰਾਮ ਪੰਚਾਇਤਾਂ ਦੇ, ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਅਧਿਕਾਰ ਅਤੇ ਦੇਣਦਾਰੀਆਂ ਹੋਣਗੀਆਂ,

(vi) ਜਿੱਥੇ ਮੌਜੂਦਾ ਗ੍ਰਾਮ ਪੰਚਾਇਤ, ਕਿਸੇ ਅਜਿਹੀ ਸੰਪੱਤੀ, ਅਧਿਕਾਰ ਜਾਂ ਦੇਣਦਾਰੀਆਂ ਬਾਰੇ, ਜੋ ਇਸ ਧਾਰਾ ਅਧੀਨ ਹਿੱਸੇ-ਵੰਡ ਦੇ ਤਾਬੇ ਹਨ, ਕੋਈ ਕਾਨੂੰਨੀ ਕਾਰਵਾਈਆਂ ਵਿੱਚ ਇਕ ਧਿਰ ਹੈ, ਉਥੇ ਉਹ ਉਤਰਾਧਿਕਾਰੀ ਗ੍ਰਾਮ ਪੰਚਾਇਤ, ਜੋ ਉਸ ਸੰਪੱਤੀ ਦੀ ਜਾਂ ਉਨ੍ਹਾਂ ਅਧਿਕਾਰਾਂ ਜਾਂ ਦੇਣਦਾਰੀਆਂ ਦੀ ਉਤਰਾਧਿਕਾਰੀ ਬਣਦੀ ਹੈ, ਜਾਂ ਉਸ ਸੰਪੱਤੀ ਵਿਚ, ਜਾਂ ਉਨ੍ਹਾਂ ਅਧਿਕਾਰਾਂ ਜਾਂ ਦੇਣਦਾਰੀਆਂ ਵਿੱਚ ਕੋਈ ਹਿੱਸਾ ਅਰਜਤ ਕਰਦੀ ਹੈ, ਉਨ੍ਹਾਂ ਕਾਰਵਾਈਆਂ ਵਿੱਚ ਇਕ ਧਿਰ ਵਜੋਂ ਪ੍ਰਤੀਸਥਾਪਤ ਜਾਂ ਜੋੜੀ ਗਈ ਸਮਝੀ ਜਾਵੇਗੀ, ਅਤੇ ਉਸ ਅਨੁਸਾਰ ਕਾਰਵਾਈਆਂ ਚਾਲੂ ਰੱਖੀਆਂ ਜਾ ਸਕਣਗੀਆਂ;

(vii) ਮੌਜੂਦਾ ਗ੍ਰਾਮ ਪੰਚਾਇਤ ਦੇ ਕੋਈ ਅਜਿਹੇ ਧਨ-ਧਾਮਾ ਅਤੇ ਦੇਣਦਾਰੀਆਂ ਦਾ ਫਾਇਦਾ ਜਾਂ ਭਾਰ, ਜਿਨ੍ਹਾਂ ਬਾਰੇ ਇਸ ਧਾਰਾ ਦੀ ਪੂਰਵਵਰਤੀ ਉਪਬੰਧਾਂ ਵਿੱਚ ਉਪਬੰਧ ਨਹੀਂ ਕੀਤਾ ਗਿਆ ਹੈ, ਉਤਰਾਧਿਕਾਰੀ ਗ੍ਰਾਮ ਪੰਚਾਇਤਾਂ ਵਿੱਚਕਾਰ ਕਰਾਰ ਪਾਏ ਤਰੀਕੇ ਨਾਲ ਉਨ੍ਹਾਂ ਨੂੰ ਮੁੰਤਕਿਲ ਹੋ ਜਾਵੇਗਾ ਅਤੇ ਉਸ ਸੂਰਤ ਵਿੱਚ ਜਿੱਥੇ ਅਜਿਹਾ ਕੋਈ ਕਰਾਰ ਸਭਾ ਖੇਤਰ ਦੇ ਇਖਰਾਜ ਦੀ ਤਰੀਕ ਤੋਂ ਇਕ ਸਾਲ ਦੀ ਮੁੱਦਤ ਅੰਦਰ ਨਹੀਂ ਕੀਤਾ ਜਾਂਦਾ, ਉਥੇ ਸਰਕਾਰ, ਗ੍ਰਾਮ ਪੰਚਾਇਤਾਂ ਵਿਚੋਂ ਕਿਸੇ ਦੀ ਬੇਨਤੀ ਤੇ ਉਸ ਨੂੰ ਤੈਅ ਕਰਨ ਲਈ ਸ਼ਕਤਵਾਨ ਹੋਵੇਗੀ।"

ਬੀ. ਐਸ. ਨੇਹਰਾ,

ਕਾਨੂੰਨੀ ਮਸ਼ੀਰ ਅਤੇ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ, ਪੰਜਾਬ।

31219LR(P)—Govt. Press, U.T., Chd.